# ਪੰਜਾਬੀ ਲੋਕਗੀਤ: ਮਨੋਵਿਸ਼ਲੇਸ਼ਣਾਤਮਕ ਅਧਿਐਨ

**ਡਾ. ਕੁਲਵੰਤ ਕੌਰ**
ਅਸਿਸਟੈਂਟ ਪ੍ਰੋਫ਼ੈਸਰ,
ਖ਼ਾਲਸਾ ਕਾਲਜ ਫ਼ਾਰ ਵਿਮਨ,ਅੰਮ੍ਰਿਤਸਰ

ਲੋਕ ਗੀਤ ਸਮੂਹਕ ਲੋਕ ਮਾਨਸਿਕਤਾ ਦੀ ਸਿਰਜਣਾ ਹਨ।ਮਨੋਵਿਗਿਆਨੀ ਇਨ੍ਹਾਂ ਹੀ ਮਨੋਭਾਵਾਂ ਜਾਂ ਮਨੋਸਥਿਤੀਆਂ ਦਾ ਵਿਗਿਆਨਕ ਵਿਧੀ ਵਿਸ਼ਲੇਸ਼ਣ ਕਰਦਾ ਹੈ।ਲੋਕ ਸਾਹਿਤ ਅਤੇ ਮਨੋਵਿਗਿਆਨ ਦੋਹਾਂ ਦਾ ਕੇਂਦਰੀ ਬਿੰਦੂ ਮਨੁੱਖੀ ਜੀਵਨ ਹੈ।ਲੋਕ ਸਾਹਿਤ ਮਨੁੱਖ ਦੇ ਮਾਨਸਿਕ ਤਣਾਓ ਤੇ ਝੁਕਾਵਾਂ ਤੋਂ ਉਤੇਜਿਤ ਹਾਵਾਂ-ਭਾਵਾਂ ਤੇ ਵਿਚਾਰਾਂ ਦਾ ਕਲਾਤਮਕ ਪ੍ਰਗਟਾਅ ਹੈ।ਮਨੋਵਿਗਿਆਨਕ ਅਧਿਐਨ ਮਨੁੱਖ ਦੇ ਮਾਨਸਿਕ ਜੀਵਨ, ਉਸ ਦੇ ਹਰ ਕਰਮ, ਕਾਮ ਦੇ ਪ੍ਰੇਰਨਾ ਸਰੋਤਾਂ ਅਤੇ ਮਾਨਸਿਕ ਵਿਕਾਰਾਂ ਦਾ ਅਧਿਐਨ ਕਰਦਾ ਹੈ।[1]

ਮਨੋਵਿਗਿਆਨ ਮਨੋਵਿਸ਼ਲੇਸ਼ਣ ਦੀ ਵਿਧੀ ਰਾਹੀਂ ਮਾਨਸਿਕ ਰੋਗੀ ਦੇ ਅਚੇਤ ਮਨ ਵਿੱਚੋਂ ਉਸ ਨੂੰ ਸੰਮੋਹਿਤ ਕਰਕੇ ਦੱਬੀਆਂ ਕੁਚਲੀਆਂ ਇੱਛਾਵਾਂ ਦਾ ਪਤਾ ਲਗਾਉਂਦਾ ਹੈ। ਮਨੋਵਿਸ਼ਲੇਸ਼ਣ ਵਿਧੀ ਸੰਬੰਧਿਤ ਵਿਅਕਤੀ ਦੀਆਂ ਨਿੱਜੀ ਸਮੱਸਿਆਵਾਂ ਦਾ ਅਧਿਐਨ ਕਰਦੀ ਤੇ ਅੁਸ ਦੇ ਅਤੀਤ ਨੂੰ ਫਰੋਲਦੀ ਹੈ। ਸਿਗਮੰਡ ਫਰਾਇਡ ਦੀ ਇਸ ਵਿਧੀ ਨੇ ਮਨੁੱਖ ਦੀ ਪਰਿਭਾਸ਼ਾ ਹੀ ਬਦਲ ਦਿੱਤੀ।ਪਹਿਲਾਂ ਪਾਠਕਾਂ ਦੇ ਬਾਹਰ ਮੁਖੀ ਵਿਵਰਣ ਵਧੇਰੇ ਦਿੱਤੇ ਜਾਂਦੇ ਸਨ ਹੁਣ ਮਨੁੱਖੀ ਮਨ ਦੀਆਂ ਅਦਿੱਖ ਅਤੇ ਹੇਠਲੀਆਂ ਪਰਤਾਂ ਨੂੰ ਫਰੋਲਿਆ ਜਾਂਦਾ ਹੈ।ਮਨੋਵਿਸ਼ਲੇਸ਼ਣ ਮਨੁੱਖੀ ਵਿਹਾਰ ਵਿਚ ਮਨੋ ਵਿਰੋਧੀ ਇੱਛਾਵਾਂ ਦੀ ਆਪਸੀ ਟੱਕਰ ਨੂੰ ਖ਼ਤਮ ਕਰਕੇ ਵਿਅਕਤੀ ਵਿਚ ਸੰਤੁਲਣ ਲਿਆਉਣ ਦੀ ਵਿਧੀ ਹੈ।ਮਨੋਵਿਸ਼ਲੇਸ਼ਣ ਉਹ ਵਿਧੀ ਹੈ ਜਿਸ ਨਾਲ ਦਮਿਤ ਭਾਵਾਂ ਅਤੇ ਸਿਮਰਤੀਆਂ ਨੂੰ ਅਚੇਤਨ ਵਿਚੋਂ ਕੱਢ ਕੇ ਚੇਤਨ ਵਿਚ ਲਿਆਇਆ ਜਾ ਸਕਦਾ ਹੈ।[2]

ਲੋਕਗੀਤ ਮਨੁੱਖ ਦੀਆਂ ਦੱਬੀਆਂ ਹੋਈਆਂ ਇੱਛਾਵਾਂ ਦਾ ਹੀ ਪ੍ਰਗਟਾ ਹਨ। ਇਨ੍ਹਾਂ ਵਿਚ ਵਿਭਿੰਨ ਤਰ੍ਹਾਂ ਦੇ ਮਨੁੱਖੀ ਅਨੁਭਵਾਂ ਨੂੰ ਬੜੇ ਸੰਖੇਪ ਤੇ ਪ੍ਰਤੀਕਮਈ ਢੰਗ ਨਾਲ ਪੇਸ਼ ਕੀਤਾ ਗਿਆ ਹੁੰਦਾ ਹੈ।ਲੋਕਗੀਤਾਂ ਦਾ ਮਨੋਵਿਸ਼ਲੇਸ਼ਣ ਕਰਨ ਨਾਲ ਇਹਨਾਂ ਵਿਚ ਪੇਸ਼ ਮਰਦ ਔਰਤ ਦੇ ਮੁੱਢਲੇ ਰਿਸ਼ਤੇ ਦੇ ਪ੍ਰਤੀਕ ਸਮਝ ਵਿਚ ਆਉਂਦੇ ਹਨ। ਕਿਉਕਿ ਮਨੋਵਿਸ਼ਲੇਸ਼ਣ ਦੀ ਵਿਧੀ ਨਾਲ ਮਨੁੱਖ ਦੇ ਚੇਤਨ ਤੇ ਅਚੇਤਨ ਵਿਹਾਰ ਦਾ ਅਧਿਐਨ ਕੀਤਾ ਜਾਂਦਾ ਹੈ। ਲੋਕਗੀਤਾਂ ਵਿਚ ਕਾਮ ਵਾਸ਼ਨਾ ਦਾ ਸਪੱਸ਼ਟ ਪ੍ਰਗਟਾਵਾ ਮਿਲਦਾ ਹੈ ਜੋ ਸਾਡੇ ਅਰਧ ਚੇਤਨ ਮਨ ਵਿਚ ਹਰ ਵੇਲੇ ਤਪਦੀਆਂ ਰਹਿੰਦੀਆਂ ਹਨ ਸਮਾਜ ਦੇ ਸਿਆਣੇ ਤੇ ਪਾਖੰਡ ਭਰਪੂਰ ਸਭਿਆਚਾਰ ਦੀਆਂ ਹੱਦਾਂ ਤੋੜ ਕੇ ਲੋਕਗੀਤ ਇਸ ਡੂੰਗੇ ਅਨੁਭਵ ਨੂੰ ਪ੍ਰਗਟਾਉਂਦੇ ਹਨ। ਇਹ ਪ੍ਰਗਟਾਵਾ ਕਈ ਵਏਰ ਸਿੱਧੇ ਸ਼ਬਦਾਂ ਵਿਚ ਵੀ ਹੋ ਜਾਂਦਾ ਹੈ ਪਰ ਬਹੁਤੀ ਵਾਰ ਆਮ ਪੇਂਡੂ ਜੀਵਨ ਵਿਚੋਂ ਪ੍ਰਤੀਕ ਲੈ ਕੇ ਹੀ ਦਿਲ ਦੇ ਭਾਵ ਬਿਆਨ ਕੀਤੇ ਜਾਂਦੇ ਹਨ। ਲੋਕਗੀਤ ਵਧੇਰੇ ਕਰਕੇ ਔਰਤਾਂ ਨਾਲ ਹੀ ਸੰਬੰਧਿਤ ਹੁੰਦੇ ਹਨ ਕਿਉਕਿ ਔਰਤ ਨੂੰ ਸ਼ੁਰੂ ਤੋਂ ਹੀ ਘਰ ਦੇ ਬੰਦ ਮਾਹੌਲ ਵਿਚ ਅਧੀਨ ਤੇ ਗੁਲਾਮ ਬਣਾ ਕੇ ਰੱਖਿਆ ਗਿਆ। ਘਰ ਵਿਚ ਰੋਜ਼ਾਨਾ ਜੀਵਨ ਦੇ ਛੋਟੇ-ਵੱਡੇ ਕੰਮਾਂ ਤੇ ਫ਼ੈਸਲਿਆਂ ਵਿਚ ਨਾਲ ਲੈ ਕੇ ਨਹੀ ਸੀ ਚੱਲਿਆ ਜਾਂਦਾ ਸੀ ਕਿ ਔਰਤ ਦੀ ਮੱਤ ਗੁੱਤ ਹੇਠਾਂ ਹੁੰਦੀ ਹੈ।ਇਸ ਲਈ ਆਪਣੇ ਜੀਵਨ ਵਿਚ ਦੱਬੀ ਹੋਣ ਕਰਕੇ ਔਰਤ ਆਪਣੀਆਂ ਰੀਝਾਂ, ਉਮੰਗਾਂ ਤੇ ਖੁਸ਼ੀਆਂ ਨੂੰ ਜ਼ਾਹਰ ਨਹੀਂ ਕਰ ਸਕਦੀ।ਨਾ

ਉਹ ਖੁੱਲ੍ਹ ਕੇ ਜੀ ਪਾਉਂਦੀ ਤੇ ਉਸਦੀ ਕਾਮ ਤ੍ਰਿਪਤੀ ਵੀ ਨਹੀਂ ਹੋ ਪਾਉਂਦੀ। ਇਸ ਲਈ ਉਸਨੂੰ ਕਿਸੇ ਅਜਿਹੇ ਸਾਧਨ ਦੀ ਓਟ ਲੈਣੀ ਪਈ ਜੋ ਸਾਡੇ ਸਮਾਜ ਵਿਚ ਬੁਰਾ ਨਾ ਸਮਝਿਆ ਜਾਂਦਾ ਹੋਏ। ਜਿਸ ਵਿਚ ਉਹ ਨਿਸੰਗ ਹੋ ਜਾਵੇ। ਅਜਿਹੇ ਸਾਧਨ ਸਨ ਲੋਕ ਗੀਤ, ਲੋਕ ਬੋਲੀਆਂ ਤੇ ਖਾਸ ਕਰਕੇ ਲੋਕ ਸੁਆਂਗ ਵਿਚ ਔਰਤ ਵਧੇਰੇ ਨਿਝੱਕ ਹੋ ਕੇ ਆਪਣੇ ਮਨ ਦੇ ਹਾਵਾਂ ਭਾਵਾਂ ਦਾ ਪ੍ਰਗਟਾਵਾ ਕਰਦੀ ਹੈ। ਮਰਦ ਤਾਂ ਆਪਣੀਆਂ ਭਾਵਨਾਵਾਂ ਨਿਝੱਕ ਹੋ ਕੇ ਪ੍ਰਗਟਾ ਦਿੰਦਾ ਹੈ ਪਰ ਔਰਤ ਆਪਣੇ ਆਪਣੇ ਲੰਮੇ ਸਮੇਂ ਦੀ ਚੁੱਪ ਨੂੰ ਲੋਕਗੀਤਾਂ ਵਿਚ ਹੀ ਤੋੜਦੀ ਹੈ। ਸਿੱਧੇ ਤੌਰ ‘ਤੇ ਉਹ ਹਮੇਸ਼ਾ ਕੁਝ ਕਹਿਣੋ ਝਿਜਕਦੀ ਰਹਿੰਦੀ ਹੈ।

ਹੁਣ ਅਸੀਂ ਇਕ ਲੋਕਗੀਤ ਦਾ ਮਨੋਵਿਸ਼ਲੇਸਣਾਤਮਕ ਅਧਿਐਨ ਕਰਾਂਗੇ। ਜਿਸ ਰਾਹੀਂ ਸਾਨੂੰ ਲੋਕਗੀਤਾਂ ਵਿਚ ਪਈ ਲੋਕ ਮਾਨਸਿਕਤਾ ਨੂੰ ਜਾਨਣ ਦਾ ਮੌਕਾ ਮਿਲੇਗਾ ਜੋ ਸਿੱਧੇ ਤੇ ਸੰਕੇਤਕ ਰੂਪ ਵਿਚ ਲੋਕਗੀਤਾਂ ਵਿਚ ਸਮੋਈ ਹੈ।

ਵਣ ਚੜ੍ਹ ਪੀਲੂ ਪੱਕੀਆਂ ਨੀ ਮੇਰੀ ਰਾਣੀਏ ਮਾਏ
ਨੀ ਕੋਈ ਪੱਕ-ਪੱਕ ਹੋਈਆਂ ਲਾਲ ਨੀ ਭਲੀਏ।
ਧੀਆਂ ਨੂੰ ਸਹੁਰੇ ਤੋਰ ਕੇ ਨੀ ਮੇਰੀ ਰਾਣੀਏ ਮਾਏ।
ਤੇਰਾ ਕਿੰਨਾ ਕੁ ਲੱਗਦਾ ਈ ਜੀ ਨੀ ਭਲੀਏ।
ਘੜੀਆਂ ਗਿਣਦੀ ਦਾ ਦਿਨ ਗਿਆ ਨੀ ਮੇਰੀ ਰਾਣੀਏ ਧੀਏ।
ਕੋਈ ਤਾਰੇ ਗਿਣਦੀ ਦੀ ਰਾਤ ਨੀ ਭਲੀਏ।
ਵਣ ਚੜ੍ਹ ਪੀਲੂ ਪੱਕੀਆਂ ਨੀ ਮੇਰੀ ਰਾਣੀਏ ਮਾਏ
ਨੀ ਕੋਈ ਪੱਕ-ਪੱਕ ਹੋਈਆਂ ਲਾਲ ਨੀ ਭਲੀਏ।
ਧੀਆਂ ਨੂੰ ਸਹੁਰੇ ਤੋਰ ਕੇ ਵੇ ਮੇਰੇ ਰਾਜਿਆ ਬਾਬਲ
ਤੇਰਾ ਕਿੰਨਾ ਕੁ ਲੱਗਦਾ ਈ ਜੀ ਵੇ ਭਲਿਆ।
ਕਚਿਹਰੀ ਬੈਠੇ ਦਾ ਦਿਨ ਗਿਆ ਨੀ ਮੇਰੀ ਰਾਣੀਏ ਧੀਏ
ਕੋਈ ਸੋਚਾਂ ‘ਚ ਲੰਗ ਗਈ ਰਾਤ ਨੀ ਭਲੀਏ
ਵਣ ਚੜ੍ਹ ਪੀਲੂ ਪੱਕੀਆਂ ਨੀ ਮੇਰੀ ਰਾਣੀਏ ਮਾਏ
ਨੀ ਕੋਈ ਪੱਕ-ਪੱਕ ਹੋਈਆਂ ਲਾਲ ਨੀ ਭਲੀਏ।
ਨਣਦਾਂ ਨੂੰ ਸਹੁਰੇ ਤੋਰ ਕੇ ਨੀ ਮੇਰੀ ਰਾਣੀਏ ਭਾਬੋ
ਤੇਰਾ ਕਿੰਨਾ ਕੁ ਲੱਗਦਾ ਈ ਜੀ ਨੀ ਭਲੀਏ।
ਹੱਸਦੀ ਖੇਡਦੀ ਦਾ ਦਿਨ ਗਿਆ ਨੀ ਮੇਰੀ ਰਾਣੀਏ ਨਣਦੇ
ਕੋਈ ਸੁੱਤੀ ਪਈ ਦੀ ਰਾਤ ਨੀ ਭਲੀਏ।
ਵਣ ਚੜ੍ਹ ਪੀਲੂ ਪੱਕੀਆਂ ਨੀ ਮੇਰੀ ਰਾਣੀਏ ਮਾਏ
ਨੀ ਕੋਈ ਪੱਕ-ਪੱਕ ਹੋਈਆਂ ਲਾਲ ਨੀ ਭਲੀਏ।

ਭੈਣਾ ਨੂੰ ਸਹੁਰੇ ਤੋਰ ਕੇ ਵੇ ਮੇਰਿਆ ਰਾਜਿਆ ਵੀਰਾ

ਥੇਰਾ ਕਿੰਨਾ ਕੁ ਲੱਗਦਾ ਈ ਜੀ ਵੇ ਭਲਿਆ

ਕੰਮ ਕਰਦੇ ਦਾ ਦਿਨ ਗਿਆ ਨੀ ,

ਕੋਈ ਸੁੱਤਿਆਂ ਨੂੰ ਲੰਘ ਗਈ ਰਾਤ ਨੀ ਭਲੀਏ।

ਉਪਰੋਕਤ ਲੋਕਗੀਤ ਇਕ ਵਿਆਹੀ ਗਈ ਲੜਕੀ ਦੀ ਮਾਨਸਿਕ ਪੀੜਾ ਨੂੰ ਪੇਸ਼ ਕਰਦਾ ਲੋਕਗੀਤ ਹੈ।ਇੱਕ ਲੜਕੀ ਜਦੋਂ ਵਿਆਹ ਕੇ ਆਪਣੇ ਸਹੁਰੇ ਘਰ ਚਲੀ ਜਾਂਦੀ ਹੈ ਤਾਂ ਉਸ ਦੇ ਦਿਲ ਵਿਚ ਇਹ ਖਿਆਲ ਬਾਰ-ਬਾਰ ਆਉਂਦੇ ਹਨ ਕਿ ਕੀ ਉਸਦਾ ਪੇਕੇ ਘਰ ਜਿਸ ਵਿਚ ਉਹ ਪੈਦਾ ਹੋਈ, ਖੇਡੀ, ਪਲੀ ਤੇ ਜਵਾਨ ਹੋਈ ਹੈ।ਉਸ ਘਰ ਦੇ ਪਰਿਵਾਰਕ ਮੈਂਬਰ ਉਸਨੂੰ ਕਿੰਨਾ ਕੁ ਯਾਦ ਕਰਦੇ ਹਨ ਤੇ ਉਸਨ ਤੋਰਨ ਤੋਂ ਪਿੱਛੋਂ ਉਹ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਹਨ।ਉਹ ਪਰਿਵਾਰ ਦੇ ਹਰੇਕ ਮੈਂਬਰ ਤੋਂ ਜਾਨਣਾ ਚਾਹੁੰਦੀ ਹੈ ਕਿ ਉਹਨਾਂ ਨੂੰ ਉਸਦੀ ਕਮੀ ਮਹਿਸੂਸ ਹੁੰਦੀ ਹੈ ਜਾਂ ਉਸਨੂੰ ਵਿਸਰ ਗਏ ਹਨ।ਕਿਉਂਕਿ ਹਰ ਲੜਕੀ ਚਾਹੁੰਦੀ ਹੈ ਕਿ ਉਸਦੇ ਪੇਕੇ ਘਰ ਵਿਚ ਉਸਦਾ ਸਥਾਨ ਉਸ ਤਰ੍ਹਾਂ ਦਾ ਹੀ ਰਹੇ ਜਿਸ ਤਰ੍ਹਾਂ ਦਾ ਉਸਦੇ ਵਿਆਹੇ ਜਾਣ ਤੋਂ ਪਹਿਲਾਂ ਕੁਆਰੀ ਹੁੰਦੀ ਦਾ ਸੀ। ਇਸ ਲੋਕਗੀਤ ਵਿਚਲੀ ਧੀਅ ਆਪਣੇ ਪੇਕੇ ਘਰ ਦਾ ਹਾਲ ਪੁੱਛਦੀ ਹੈ ਤੇ ਨਾਲ ਹੀ ਫ਼ਸਲਵਾੜੀ ਬਾਰੇ ਪੁੱਛਦੀ ਘਰ ਦੇ ਇੱਕ-ਇੱਕ ਜੀਅ ਤੋਂ ਉਸਦੇ ਵਿਆਹ ਪਿੱਛੋਂ ਸਹੁਰੇ ਘਰ ਚਲੇ ਜਾਣ ‘ਤੇ ਉਹਨਾਂ ਨੂੰ ਕਿਸ ਤਰ੍ਹਾਂ ਲੱਗ ਰਿਹਾ ਹੈ, ਇਸ ਬਾਰੇ ਸਭ ਤੋਂ ਪਹਿਲਾਂ ਆਪਣੀ ਮਾਂ ਨੂੰ ਪੁੱਛਦੀ ਹੈ ਕਿਉਂਕਿ ਮਾਂਵਾਂ ਤੇ ਧੀਆਂ ਦਾ ਰਿਸ਼ਤਾ ਸਭ ਤੋਂ ਨਿਆਰਾ ਤੇ ਨਿੱਘ ਭਰਿਆ ਹੁੰਦਾ ਹੈ। ਧੀਅ ਆਪਣੀ ਮਾਂ ਨੂੰ ਪੁੱਛਦੀ ਹੈ ਕਿ ਤੈਨੂੰ ਆਪਣੀ ਲਾਡਲੀ ਧੀਅ ਨੂੰ ਸਹੁਰੇ ਘਰ ਭੇਜ ਕੇ ਕਿਸ ਤਰ੍ਹਾਂ ਲੱਗਦਾ ਹੈ।ਇਸ ਤਰਾਂ ਕਰਨ ਨਾਲ ਭਲਾ ਤੇਰਾ ਕਿੰਨਾ ਕੁ ਜੀਅ ਲੱਗਦਾ ਹੈ। ਮਾਂ ਧੀਅ ਨੂੰ ਦੱਸਦੀ ਹੈ ਕਿ ਇਕ ਮਾਂ ਆਪਣੀ ਲਾਡਲੀ ਧੀਅ ਨੂੰ ਆਪਣੇ ਤੋਂ ਵਿਛੋੜ ਕੇ ਕਦੀ ਖੁਸ਼ ਨਹੀ ਹੁੰਦੀ ਪਰੰਤੂ ਸਮਾਜ ਦੀ ਇਸ ਰੀਤ ਨੂੰ ਕੋਈ ਤੋੜ ਨਹੀਂ ਸਕਦਾ।ਮਾਂ ਤਾਂ ਧੀਅ ਤੋਂ ਪਿੱਛੋਂ ਘੜੀਆਂ ਗਿਣ-ਗਿਣ ਕੇ ਦਿਨ ਲੰਘਾਉਂਦੀ ਹੈ ਤੇ ਰਾਤ ਵੀ ਉਸਦੀਆਂ ਹੀ ਫਿਕਰਾਂ ਵਿਚ ਸੋਚਦੀ ਹੋਈ ਦੀ ਤਾਰੇ ਗਿਣਦਿਆਂ ਲੰਘ ਜਾਂਦੀ ਹੈ।ਫਿਰ ਧੀਅ ਆਪਣੇ ਬਾਬਲ ਤੋਂ ਪੁੱਛਦੀ ਹੈ ਕਿ ਜਿਹੜੇ ਬਾਬਲ ਨੇ ਆਪਣੀ ਰਾਣੀ ਧੀਅ ਨਾਲ ਏਨੇ ਲਾਡ ਲਡਾਏ ਸਨ ਹੁਣ ਉਸਤੋਂ ਪਿੱਛੋਂ ਉਸਨੂੰ ਆਪਣੇ ਘਰ ਦਾ ਵਿਹੜਾ ਕਿਸ ਤਰ੍ਹਾਂ ਦਾ ਲੱਗਦਾ ਹੈ।ਬਾਪ ਤੇ ਧੀਅ ਦਾ ਰਿਸ਼ਤਾ ਬੜਾ ਮੋਹ ਭਰਿਆ ਹੁੰਦਾ ਹੈ ਤੇ ਹਰ ਕੋਈ ਬਾਬਲ ਆਪਣੀ ਧੀ ਪ੍ਰਤੀ ਫ਼ਿਕਰਮੰਦ ਹੁੰਦਾ ਹੈ।ਆਪਣੇ ਜਿਗਰ ਦੇ ਟੁਕੜੇ ਨੂੰ ਪਰਾਏ ਘਰ ਭੇਜ ਕੇ ਬਾਬਲ ਵੀ ਆਪਣੀ ਧੀਅ ਨੂੰ ਯਾਦ ਕਰਦਾ ਰਹਿੰਦਾ ਹੈ।ਉਸਦਾ ਦਿਨ ਤਾਂ ਬੇਸ਼ੱਕ ਕੰਮ ਕਾਰ ਕਰਦਿਆਂ ਪਰਿਵਾਰ ਦੀਆਂ ਹੋਰ ਜਿੰਮੇਵਾਰੀਆਂ ਨੂੰ ਨਿਭਾਉਂਦਿਆਂ ਦਾ ਬਤੀਤ ਹੋ ਜਾਂਦਾ ਹੈ ਪਰੰਤੂ ਰਾਤ ਤਾਂ ਸੋਚਾਂ ਵਿਚ ਹੀ ਲੰਘਦੀ ਹੈ ਕੀ ਉਸਦੀ ਲਾਡਾਂ ਪਿਆਰਾਂ ਨਾਲ ਪਾਲੀ ਧੀਅ ਆਪਣੇ ਸਹੁਰੇ ਘਰ ਰਾਜੀ-ਖੁਸ਼ੀ ਤਾਂ ਹੈ।ਕਿਤੇ ਉਹ ਪਰੇਸ਼ਾਨ ਨਾ ਹੋਵੇ। ਇਸ ਪਿੱਛੋਂ ਲੜਕੀ ਆਪਣੀ ਭਾਬੀ ਨੂੰ ਪੁੱਛਦੀ ਹੈ ਕਿ ਉਸਨੂੰ ਆਪਣੀ ਨਣਾਨ ਨੂੰ ਸਹੁਰੇ ਤੋਰ ਕਿ ਕਿਸ ਤਰ੍ਹਾਂ ਲੱਗ ਰਿਹਾ ਹੈ ਜਿਸ ਨਾਲ ਉਸਨੇ ਕੁਝ ਵਰੇ ਇਕੱਠਿਆਂ ਹੱਸਦਿਆਂ ਖੇਡਦਿਆਂ ਬਤੀਤ ਕੀਤੇ ਸਨ।ਨਣਾਨ ਭਾਬੀ ਦਾ ਰਿਸ਼ਤਾ ਕਿਉਂਕਿ ਕਿਤੇ ਨਾ ਕਿਤੇ ਨੋਕ ਝੋਕ ਵਾਲਾ ਵੀ ਹੁੰਦਾ ਹੈ ਇਸ ਲਈ ਭਾਬੀਆਂ ਨਣਾਨਾ ਨੂੰ ਸਹੁਰੇ ਘਰ ਤੋਰ ਕੇ ਖੁਸ਼ ਹੁੰਦੀਆਂ ਹਨ।ਭਾਬੀ ਜਵਾਬ ਦਿੰਦੀ ਹੈ ਕਿ ਮੇਰਾ ਦਿਨ ਹੱਸਦੀ ਖੇਡਦੀ ਦਾ ਨਿਕਲ ਜਾਂਦਾ ਹੈ ਅਤੇ ਰਾਤ ਸੁੱਤੀ

ਪਈ ਦੀ ਨਿਕਲ ਜਾਂਦੀ ਹੈ।ਇਸ ਤੋਂ ਪਤਾ ਲੱਗਦਾ ਹੈ ਕਿ ਭਾਬੀ ਨਣਾਨ ਨੂੰ ਸਹੁਰੇ ਘਰ ਤੋਰ ਕੇ ਬਹੁਤ ਖੁਸ਼ ਹੈ ਤੇ ਆਪਣੇ ਘਰ ਵਿਚ ਮਨ ਮਰਜੀ ਤੇ ਖੁੱਲ ਡੁੱਲ ਦਾ ਮਜਾ ਲੈ ਰਹੀ ਹੈ।ਭੈਣ ਭਰਾ ਦਾ ਰਿਸ਼ਤਾ ਕਿਉਂਕਿ ਖੂਨ ਦਾ ਰਿਸ਼ਤਾ ਹੁੰਦਾ ਹੈ। ਭੈਣਾ ਹਰ ਵੇਲੇ ਆਪਣੇ ਵੀਰਾਂ ਦੀ ਸੁੱਖ ਮੰਗਦੀਆਂ ਹਨ ਇਸ ਤਰ੍ਹਾਂ ਫਿਰ ਭੈਣ ਆਪਣੇ ਭਰਾ ਨੂੰ ਪੁੱਛਦੀ ਹੈ ਕਿ ਉਸ ਨੂੰ ਆਪਣੀ ਲਾਡਲੀ ਭੈਣ ਨੂੰ ਸਹੁਰੇ ਤੋਰ ਕਿ ਕਿਸ ਤਰ੍ਹਾਂ ਦਾ ਮਹਿਸੂਸ ਹੋਇਆ ਹੈ।ਵੀਰ ਜਵਾਬ ਵਿਚ ਕਹਿੰਦਾ ਹੈ ਕਿ ਕੰਮ ਕਾਰ ਕਰਦਿਆ ਦਾ ਦਿਨ ਲੰਘ ਜਾਂਦਾ ਹੈ ਤੇ ਰਾਤ ਸੁੱਤਿਆਂ ਦੀ ਲੰਘ ਜਾਂਦੀ ਹੈ।ਇਸ ਲੋਕਗੀਤ ਦਾ ਮਨੋਵਿਸ਼ਲੇਸ਼ਣਾਤਮਕ ਅਧਿਐਨ ਕਰਨ ਤੇ ਪਤਾ ਲੱਗਦਾ ਹੈ ਕਿ ਸਮੇਂ ਦੇ ਬੀਤਣ ਨਾਲ ਭੈਣ-ਭਰਾ ਦੇ ਰਿਸ਼ਤੇ ਵਿਚ ਵੀ ਫਿੱਕ ਆ ਜਾਂਦੀ ਹੈ ਹਰ ਕੋਈ ਆਪਣੀ ਨਿੱਜੀ ਜਿੰਦਗੀ ਵਿਚ ਵਿਅਸਤ ਹੋ ਜਾਂਦਾ ਹੈ।ਇਸ ਲੋਕ ਗੀਤਾ ਵਿਚ ਪੰਜਾਬੀ ਸਮਾਜ ਵਿਚਲੇ ਰਿਸ਼ਤਾ ਨਾਤਾ ਪ੍ਰਬੰਧ ਦੀ ਤਸਵੀਰ ਵੇਖੀ ਜਾ ਸਕਦੀ ਹੈ ਇਹ ਤਸਵੀਰ ਰਿਸ਼ਤਿਆਂ ਦੇ ਯਥਾਰਥ ਨੂੰ ਪੇਸ਼ ਕਰਦੀ ਹੈ।ਮਾਂ,ਬਾਪ,ਭਰਾ,ਭਰਜਾਈ ਦੇ ਰਿਸ਼ਤੇ ਵਿਚੋਂ ਸਭ ਤੋਂ ਵੱਧ ਨੇੜਤਾ ਵਾਲਾ ਰਿਸ਼ਤਾ ਮਾਂ ਤੇ ਧੀ ਦਾ ਹੈ।ਉਸਤੋਂ ਪਿਛੋਂ ਬਾਪ ਆਪਣੀ ਔਲਾਦ ਲਈ ਫ਼ਿਕਰ ਮੰਦ ਹੁੰਦਾ ਹੈ।ਬਾਕੀ ਰਿਸ਼ਤੇ ਜਿਵੇਂ ਭਰਾ ਅਤੇ ਭਰਜਾਈ ਦਾ ਰਿਸ਼ਤਾ ਸਮਾਂ ਪਾ ਕੇ ਲੋੜਾਂ, ਗਰਜਾਂ ਅਤੇ ਗ੍ਰਹਿਸਥੀ ਦੇ ਝਮੇਲਿਆਂ ਦੀ ਭੇਂਟ ਚੜ੍ਹ ਜਾਂਦੇ ਹਨ।ਇਸ ਸਾਰੇ ਕੁਝ ਵਿਚੋਂ ਜਿਹੜੀ ਮਾਨਸਿਕ ਪੀੜਾ ਇਕ ਵਿਆਹੁਤਾ ਲੜਕੀ ਹੰਡਾਉਂਦੀ ਹੈ। ਉਸਨੂੰ ਬੜੀ ਖ਼ੂਬਸੂਰਤੀ ਨਾਲ ਇਸ ਲੋਕਗੀਤ ਵਿਚ ਪਰੋਇਆ ਗਿਆ ਹੈ।ਕਿਉਂਕਿ ਇਕ ਔਰਤ ਜੋ ਇਹ ਮਹਿਸੂਸ ਕਰਦੀ ਹੈ ਕਿ ਉਸਦੇ ਪੇਕੇ ਘਰ ਵਿੱਚ ਉਸਦੇ ਵਿਆਹੇ ਜਾਣ ਪਿੱਛੋਂ ਉਸਦੀ ਮਾਂ ਅਤੇ ਉਸਦੇ ਬਾਪ ਤੋਂ ਬਿਨਾਂ ਕੋਈ ਵੀ ਹੁਣ ਉਸਨੂੰ ਯਾਦ ਨਹੀਂ ਕਰਦਾ ਆਪਣੇ ਇਹਨਾਂ ਭਾਵਾਂ ਦੀ ਤਰਜ਼ਮਾਨੀ ਉਹ ਗਾਹੇ-ਬਗਾਹੇ ਲੋਕਗੀਤ ਦੇ ਜ਼ਰੀਏ ਕਰ ਲੈਂਦੀ ਹੈ ਜਿਸ ਨਾਲ ਉਸਦੀ ਮਾਨਸਿਕ ਪੀੜਾ ਦਾ ਕਥਾਰਸਿਸ ਹੁੰਦਾ ਹੈ। ਹੋਰ ਬਹੁਤ ਸਾਰੀਆਂ ਲੋਕ ਬੋਲੀਆਂ ਹਨ ਜਿੰਨਾ ਵਿਚ ਔਰਤ ਦੇ ਦੱਬੇ -ਕੁੱਚਲੇ ਭਾਵਾਂ ਦੀ ਤਰਜ਼ਮਾਨੀ ਹੁੰਦੀ ਹੈ ਅਤੇ ਔਰਤ ਆਪਣੇ ਮਨ ਦਾ ਗੁੱਬ-ਗੁਲਾਟ ਇਹਨਾਂ ਲੋਕ ਕਾਵਿ ਰੂਪਾਂ ਰਾਹੀਂ ਕੱਢ ਕੇ ਆਪਣੇ ਮਨ ਨੂੰ ਹੌਲਾ ਕਰ ਲੈਂਦੀ ਹੈ ਕੁਝ ਲੋਕ ਬੋਲੀਆਂ ਦੀਆਂ ਉਦਾਹਰਣਾ ਇਸ ਪ੍ਰਕਾਰ ਹਨ:

- ਮੇਰੀ ਸੱਸ ਬੜੀ ਕੁਪੱਤੀ
  ਮੈਨੂੰ ਪਾਉਣ ਨਾ ਦਿੰਦੀ ਜੁੱਤੀ
  ਮੈਂ ਵੀ ਜੁੱਤੀ ਪਾਉਣੀ ਆਂ
  ਮੁੰਡਿਆ ਰਾਜੀ ਰਹਿ ਜਾਂ ਗੁੱਸੇ
  ਤੇਰੀ ਮਾਂ ਖੜ੍ਹਕਾਉਣੀ ਆਂ।
- ਸੱਸਾਂ ਕਿਸ ਪਾਪੀ ਬਣਾਈਆਂ?
  ਸ਼ਾਡੇ ਮਗਰ ਚੁੜੇਲਾਂ ਲਾਈਆਂ।

- ਕਿੱਕਰਾਂ ਵੀ ਲੰਘ ਆਈ
  ਬੇਰੀਆਂ ਵੀ ਲੰਘ ਆਈ

ਲੰਘਣੋਂ ਰਹਿ ਗਿਆ ਤੂਤ
ਜੇ ਮੇਰੀ ਸੱਸ ਮਰਜੇ
ਦੱਬ ਕੇ ਮਾਰਾਂ ਕੂਕ......

- ਸੱਸੇ ਤੇਰੀ ਮਹਿ ਮਰਜੇ
  ਮੇਰੇ ਵੀਰ ਨੂੰ ਸੁੱਕੀ ਖੰਡ ਪਾਈ

- ਲੈਅ ਦੇ ਵੇ ਬਾਪੂ ਘੋਟਨਾ
  ਮੈਂ ਸੱਸ ਕੁਟਣੀ
  ਕੁੱਟਣੀ ਸੰਦੂਕਾਂ ਓਹਲੇ......

ਇਸ ਪ੍ਰਕਾਰ ਬਹੁਤ ਸਾਰੀਆਂ ਬੋਲੀਆਂ ਹਨ ਜਿੰਨਾਂ ਵਿਚ ਪਹਿਲੇ ਸਮੇਂ ਵਿਚ ਨੂੰਹ ਸੱਸ ਦੇ ਰਿਸ਼ਤੇ ਦੀ ਖਟਾਸ ਵੇਖਣ ਨੂੰ ਮਿਲਦੀ ਹੈ।ਲਗਭਗ ਸਾਰਾ ਲੋਕ ਸਾਹਿਤ ਸੱਸ ਦੀ ਨਿੰਦਾ ਨਾਲ ਭਰਿਆ ਹੋਇਆ ਹੈ । ਇਹਨਾਂ ਬੋਲੀਆਂ ਦੇ ਰਾਹੀਂ ਨੂੰਹ ਦੀ ਮਾਨਸਿਕ ਅਭਿਵਿਅਕਤੀ ਹੁੰਦੀ ਹੈ।ਹੁਣ ਜਿਵੇਂ -ਜਿਵੇਂ ਸਮੇਂ ਨੇ ਗੇੜ ਖਾਧਾ ਹੈ । ਸੱਸ ਅਤੇ ਨੂੰਹ ਦੇ ਰਿਸ਼ਤੇ ਵਿਚ ਸੁਧਾਰ ਹੋਇਆ ਹੈ। ਹੁਣ ਬਹੁਤ ਸਾਰੀਆਂ ਬੋਲੀਆਂ ਸੱਸ ਦੀ ਤਰੀਫ਼ ਵਿਚ ਵੀ ਮਿਲ ਜਾਂਦੀਆਂ ਹਨ ਜਿਵੇਂ:-

ਲੋਕੀਂ ਕਹਿੰਦੇ ਸੱਸਾ ਬੁਰੀਆਂ
ਸੱਸਾਂ ਹੁੰਦੀਆਂ ਧਰਮ ਦੀਆਂ ਮਾਵਾਂ।

ਸੱਸ ਤਾਂ ਮੇਰੀ ਬੜੀ ਸਿਆਣੀ
ਧੀ -ਧੀ ਕਹਿ ਕੇ ਬੋਲੇ।
ਨੀ ਮੈਨੂੰ ਤਾਂ ਦਿੰਦੀ ਬਦਾਮ ਖਾਣ ਨੂੰ
ਨੀ ਆਪ ਖਾਵੇ ਨਿੱਤ ਛੋਲੇ।
ਨੀ ਮਿੱਠੀਆਂ-ਮਿੱਠੀਆਂ ਗੱਲਾਂ ਕਰਦੀ
ਸਿਰ ਹੱਥ ਰੱਖਦੀ ਪੋਲੇ।
ਨੀ ਪੁੱਤ ਉਹਦਾ ਸੋਨੇ ਵਰਗਾ
ਮੈਨੂੰ ਪੁੱਤ ਦੇ ਬਰਾਬਰ ਤੋਲੇ।

ਇਸ ਤਰ੍ਹਾਂ ਲੋਕਗੀਤਾਂ ਦਾ ਡੂੰਘਾ ਵਿਸ਼ਲੇਸ਼ਣ ਕਰਨ ਤੇ ਪਤਾ ਲੱਗਦਾ ਹੈ ਕਿ ਲੋਕਗੀਤ ਔਰਤਾਂ ਦੇ ਦੱਬੇ-ਕੁੱਚਲੇ ਭਾਵਾਂ ਦੀ ਤਰਜਮਾਨੀ ਕਰਦੇ ਹਨ।ਲੋਕਗੀਤਾਂ ਵਿਚ ਹਰ ਤਰ੍ਹਾਂ ਦੇ ਰਿਸ਼ਤੇ-ਨਾਤਿਆਂ, ਸਮਾਜਕ ਬੰਦਸ਼ਾਂ, ਲੋਕ ਸਿਆਣਪਾਂ, ਦੁੱਖ ਦਰਦਾਂ, ਘਰੇਲੂ ਝਮੇਲਿਆਂ, ਪਿਆਰ, ਮਰਦ-ਔਰਤ ਦੇ ਵਿਆਹ ਬਾਹਰੇ ਸੰਬੰਧਾਂ, ਰਿਸ਼ਤਿਆਂ ਦੀ ਖਟਾਸ ਤੇ ਨਿੱਘ, ਪ੍ਰਦੇਸੀ ਦਾ ਵਿਛੋੜਾ, ਮਨੁੱਖ ਦੇ ਹਾਸੇ-ਠੱਠੇ, ਉਦਰੇਵੇਂ ਤੇ ਸਮਾਜਿਕ ਕਦਰਾਂ ਕੀਮਤਾਂ ਆਦਿ ਨਾਲ ਸੰਬੰਧਿਤ ਲੋਕਮਨ ਦੇ ਮਨੋਭਾਵ ਪਰੋਏ ਮਿਲਦੇ ਹਨ। ਲੋਕਗੀਤਾਂ ਵਿਚ ਔਰਤ ਹੀ ਹਰ ਤਰ੍ਹਾਂ ਦੇ ਰਿਸ਼ਤੇ ਨਾਲ ਆਪਣੇ ਸੰਬੰਧਾਂ, ਆਪਣੀ ਸਮਾਜ ਵਿਚਲੀ ਥਾਂ ਤੇ ਆਪਣੇ ਮਨ ਦੀ ਵਿਥਿਆ ਸੁਣਾਉਂਦੀ ਹੈ ਕਿਉਂਕਿ ਸ਼ੁਰੂ ਤੋਂ ਹੀ ਔਰਤ ਨੂੰ ਬੋਲਣ ਦਾ, ਖੁੱਲ ਲੈਣ ਦਾ ਅਧਿਕਾਰ ਨਹੀ ਸੀ ਇਸ ਕਰਕੇ ਲੋਕਗੀਤ ਹੀ ਇਕੋ ਇਕ ਅਜਿਹਾ ਸਾਧਨ ਸਨ ਜਿੰਨਾਂ ਵਿਚ ਔਰਤ ਖੁੱਲ ਕੇ ਤੇ ਨਿਡੱਕ ਹੋ ਕੇ ਆਪਣੇ ਹਾਵਾਂ ਭਾਵਾਂ ਦਾ ਪ੍ਰਗਟਾਵਾ ਕਰਦੀ ਰਹੀ ਹੈ ਇਸ ਪ੍ਰਕਾਰ ਲੋਕਗੀਤਾਂ ਜਾਂ ਲੋਕ ਬੋਲੀਆਂ ਦਾ ਮਨੋਵਿਸ਼ਲੇਸਣਾਤਮਕ ਅਧਿਐਨ ਇਹ ਦਰਸਾਉਂਦਾ ਹੈ ਕਿ ਲੋਕ ਗੀਤਾਂ ਵਿਚੋਂ ਕਿਸੇ ਸਮਾਜ ਦੀ ਮਾਨਸਿਕਤਾ ਨੂੰ ਉਸਦੇ ਰਿਸ਼ਤਾ-ਨਾਤਾ ਪ੍ਰਬੰਧ ਨੂੰ ਵੇਖਿਆ ਜਾ ਸਕਦਾ ਹੈ।ਜਿਹੜੀ ਗੱਲ ਸਿੱਧੀ ਨਹੀਂ ਕਹੀ ਜਾ ਸਕਦੀ ਉਹ ਲੁਕਵੇਂ ਰੂਪ ਵਿਚ ਲੋਕ-ਸਾਹਿਤ ਦੇ ਰੂਪਾਂ ਖਾਸ ਕਰਕੇ ਲੋਕਗੀਤਾਂ ਅਤੇ ਬੋਲੀਆਂ ਵਿਚ ਬੜੀ ਸਰਲਤਾ ਨਾਲ ਵਿਅਕਤ ਕੀਤੀ ਜਾ ਸਕਦੀ ਹੈ।

## ਹਵਾਲੇ ਅਤੇ ਟਿੱਪਣੀਆਂ

1.ਤਰਲੋਕ ਸਿੰਘ ਬਾਸੀ, **ਪੰਜਾਬੀ ਨਾਵਲ ਦਾ ਮਨੋਵਿਗਿਆਨਕ ਅਧਿਐਨ**, ਪੰਨਾ 3.

2. ਜਸਵੰਤ ਸਿੰਘ ਨੇਕੀ, **ਅਚੇਤਨ ਦੀ ਲੀਲ੍ਹਾ**, ਪੰਨਾ 6.